**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2011/87813-87832
ਮਿਤੀ ਚੰਡੀਗੜ੍ਹ 03.10.2011

**ਵਿਸ਼ਾ: ਸਕੂਲ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ 'ਸਿਕਸ਼ਾ ਉਤਸਵ' ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪ੍ਰਾਇਮਰੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਦੁਆਰਾ ਪੜ੍ਹੋ ਪੰਜਾਬ ਪ੍ਰੋਗਰਾਮ ਚਲਾਇਆ ਗਿਆ ਹੈ।ਇਸ ਪ੍ਰੋਗਰਾਮ ਅਧੀਨ ਸਾਲ 2011-12 ਦੌਰਾਨ ਬੱਚਿਆਂ ਵਿੱਚ ਪੜ੍ਹਨ-ਲਿਖਣ ਦੀਆਂ ਰੁਚੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ 'ਸਿਕਸ਼ਾ ਉਤਸਵ' ਮਨਾਇਆ ਜਾਣਾ ਹੈ ਜਿਸ ਵਿੱਚ ਕਈ ਤਰ੍ਹਾਂ ਦੇ ਮੁਕਾਬਲੇ ਸਕੂਲ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਕਰਵਾਏ ਜਾਣੇ ਹਨ।

3.0 ਸਾਲ 2011-12 ਦੌਰਾਨ 'ਸਿਕਸ਼ਾ ਉਤਸਵ' ਅਧੀਨ ਦੂਜੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਦੇ ਪਹਾੜਿਆਂ, ਪੰਜਾਬੀ ਭਾਸ਼ਾ ਦੇ ਸੁੰਦਰ ਲਿਖਾਈ ਅਤੇ ਅਧਿਆਪਕਾਂ ਦੇ ਜਨਰਲ ਨਾਲਿਜ਼ ਦੇ ਮੁਕਾਬਲੇ ਕਰਵਾਏ ਜਾਣੇ ਹਨ। ਇਹ ਮੁਕਾਬਲੇ ਕਲੱਸਟਰ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਕਰਵਾਏ ਜਾਣਗੇ ਜਿਹਨਾਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:-

| ਲੜੀ ਨੰ | ਮੁਕਾਬਲੇ ਦੀ ਕਿਸਮ | ਪੱਧਰ | ਮਿਤੀ | ਜਮਾਤ |
|---|---|---|---|---|
| 1 | ਪਹਾੜੇ ਅਤੇ ਸੁੰਦਰ ਲਿਖਾਈ | ਕਲੱਸਟਰ ਪੱਧਰ | 15.10.2011 | ਦੂਜੀ ਤੋਂ ਪੰਜਵੀਂ ਜਮਾਤ ਤੱਕ |
| 2 | ੳ) ਪਹਾੜੇ/ਸੁੰਦਰ ਲਿਖਾਈ<br>ਅ) ਅਧਿਆਪਕਾਂ ਦੇ ਜਨਰਲ ਨਾਲਿਜ਼ ਦੇ ਮੁਕਾਬਲੇ | ਬਲਾਕ ਪੱਧਰ | 22.10.2011 | ਦੂਜੀ ਤੋਂ ਪੰਜਵੀਂ ਜਮਾਤ ਤੱਕ |
| 3 | ੳ) ਪਹਾੜੇ/ਸੁੰਦਰ ਲਿਖਾਈ<br>ਅ) ਅਧਿਆਪਕਾਂ ਦੇ ਜਨਰਲ ਨਾਲਿਜ਼ ਦੇ ਮੁਕਾਬਲੇ | ਜ਼ਿਲ੍ਹਾ ਪੱਧਰ | 29.10.2011 | ਦੂਜੀ ਤੋਂ ਪੰਜਵੀਂ ਜਮਾਤ ਤੱਕ |

4.0 ਬੱਚਿਆਂ ਦੇ ਪਹਾੜਿਆਂ ਅਤੇ ਸੁੰਦਰ ਲਿਖਾਈ ਦੇ ਮੁਕਾਬਲਿਆਂ ਵਿੱਚ ਦੂਜੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ ਭਾਗ ਲਿਆ ਜਾਵੇਗਾ।ਇਸ ਵਿੱਚ ਬੱਚਿਆਂ ਤੋਂ ਟੋਕਵੇਂ ਪਹਾੜੇ ਪੁੱਛੇ ਜਾਣਗੇ।

5.0 ਅਧਿਆਪਕਾਂ ਵੱਲੋਂ ਸਕੂਲ ਪੱਧਰ ਤੇ ਸਾਰੇ ਬੱਚਿਆਂ ਦੀ ਤਿਆਰੀ ਕਰਵਾਈ ਜਾਵੇਗੀ ਅਤੇ ਹਰੇਕ ਸਕੂਲ ਦਾ ਮੁਕਾਬਲੇ ਵਿੱਚ ਭਾਗ ਲੈਣਾ ਜ਼ਰੂਰੀ ਹੋਵੇਗਾ।

6.0 ਪੰਜਾਬੀ ਭਾਸ਼ਾ ਵਿੱਚ ਸੁੰਦਰ ਲਿਖਾਈ ਦੇ ਮੁਕਾਬਲੇ ਵਿੱਚ ਵੀ ਦੂਜੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀ ਭਾਗ ਲੈਣਗੇ।

7.0 ਕਲੱਸਟਰ ਪੱਧਰ ਤੇ ਹਰੇਕ ਸਕੂਲ ਦੇ ਜਮਾਤਵਾਰ 2-2 ਵਿਦਿਆਰਥੀ ਭਾਗ ਲੈਣਗੇ। ਇਸੇ ਤਰ੍ਹਾਂ ਬਲਾਕ ਪੱਧਰ ਤੇ ਵੀ ਹਰੇਕ ਕਲੱਸਟਰ ਦੇ 2-2 ਵਿਦਿਆਰਥੀਆਂ ਅਤੇ ਜ਼ਿਲ੍ਹਾ ਪੱਧਰ ਤੇ ਵੀ ਬਲਾਕ ਦੇ ਜਮਾਤਵਾਰ 1-1 ਵਿਦਿਆਰਥੀ ਵੱਲੋਂ ਪਹਾੜਿਆਂ ਅਤੇ ਸੁੰਦਰ ਲਿਖਾਈ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਜਾਵੇਗਾ।

8.0 ਕਲੱਸਟਰ ਪੱਧਰ ਤੇ ਬਲਾਕ ਪੱਧਰ ਦੇ ਮੁਕਾਬਲਿਆਂ ਤੇ ਆਉਣ ਵਾਲਾ ਖਰਚਾ ਮੀਟਿੰਗ ਅਤੇ ਟੀ.ਏ. ਗਰਾਂਟ ਵਿੱਚੋਂ ਕੀਤਾ ਜਾਵੇਗਾ। ਇਸ ਸਬੰਧੀ ਪੱਤਰ ਨੰ ਸਸਅ/2011/ ਐਚ.ਆਰ./85244-272 ਮਿਤੀ 23.09.2011 ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਿਆ ਹੈ।

9.0 ਜ਼ਿਲ੍ਹਾ ਪੱਧਰ ਤੇ ਇਹਨਾਂ ਮੁਕਾਬਲਿਆਂ ਤੇ ਆਉਣ ਵਾਲਾ ਖਰਚਾ ਮੈਨੇਜ਼ਮੈਂਟ ਕੌਸਟ ਫੰਡ ਵਿੱਚੋਂ ਕੀਤਾ ਜਾਵੇਗਾ।

10.0 ਇਹ ਮੁਕਾਬਲੇ ਲੜੀ ਨੰ 3.0 ਵਿੱਚ ਦਿੱਤੇ ਗਏ ਸ਼ਡਿਊਲ ਅਨੁਸਾਰ ਹਰੇਕ ਜ਼ਿਲ੍ਹੇ ਵਿੱਚ ਕਰਵਾਏ ਜਾਣ ਅਤੇ ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਸੀ.ਐਮ.ਟੀ./ਬੀ.ਐਮ.ਟੀ. ਦੀ ਹੋਵੇਗੀ।

11.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿਠਅੰਕਣ ਨੰ: ਉਕਤ/87833** **ਮਿਤੀ 03.10.2011**

ਉਤਾਰਾ: (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ (ਵੈਬਸਾਈਟ ਰਾਹੀਂ)।
(2) ਸਮੂਹ ਬੀ.ਪੀ.ਈ.ਓ. ਪੰਜਾਬ (ਵੈਬਸਾਈਟ ਰਾਹੀਂ)।
(3) ਸਮੂਹ ਸਕੂਲ ਮੁਖੀ ਪੰਜਾਬ (ਵੈਬਸਾਈਟ ਰਾਹੀਂ)।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**